# PC–10635/NK

**O–2/2111**

## ਪੰਜਾਬੀ ਵਾਰਤਕ

Paper–IV–PBR–2040

Opt. (i)

(Semester–III)

(Regular & Distance Education)

Time : Three Hours] [Maximum Marks : 60

**ਨੋਟ** : ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ। ਭਾਗ-ੳ ਵਿਚੋਂ ਕੋਈ **ਇਕ** ਪ੍ਰਸ਼ਨ ਕਰੋ, ਭਾਗ-ਅ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ, ਜਦ ਕਿ ਭਾਗ-ੲ ਲਾਜ਼ਮੀ ਹੈ।

### ਭਾਗ-ੳ

I. ਵਾਰਤਕ ਨੂੰ ਪਰਿਭਾਸ਼ਿਤ ਕਰਦਿਆਂ ਇਸ ਦੇ ਪ੍ਰਮੁੱਖ ਤੱਤਾਂ ਤੋਂ ਜਾਣੂ ਕਰਾਓ।

II. ਪੁਰਾਤਨ ਵਾਰਤਕ ਦਾ ਮੁੱਖ ਖੇਤਰ ਧਰਮ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਹੈ। ਧਰਮ ਅਤੇ ਨੈਤਿਕਤਾ ਇਕ ਦੂਜੇ ਨਾਲ ਓਤਪੋਤ ਹਨ, ਇਸ ਲਈ ਸਾਡਾ ਵਿਚਾਰ ਖੇਤਰ ਧਰਮ ਅਤੇ ਨੈਤਿਕਤਾ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ? ਵਿਚਾਰ ਕਰੋ। $9 \times 1 = 9$

## ਭਾਗ–ਅ

**ਅ–1**

III. 'ਪੁਰਾਤਨ ਜਨਮਸਾਖੀ' ਵਿਚ ਚਿਤ੍ਰਿਤ ਭਾਈ ਮਰਦਾਨੇ ਦੇ ਬਿੰਬ ਬਾਰੇ ਆਪਣੇ ਵਿਚਾਰਾਂ ਤੋਂ ਜਾਣੂ ਕਰਾਓ। 9

IV. 'ਪੁਰਾਤਨ ਜਨਮਸਾਖੀ' ਨੂੰ ਕਿਹੜੀਆਂ-ਕਿਹੜੀਆਂ ਵਿਲਖਣਤਾਵਾਂ ਕਰਕੇ ਇਕ ਉੱਤਮ ਕਲਾ-ਕ੍ਰਿਤੀ ਮੰਨਿਆ ਜਾਂਦਾ ਹੈ? 9

**ਅ–2**

V. "ਪੁਰਾਤਨ ਵਾਰਤਕ ਵਿਰਸੇ ਦੀ ਪ੍ਰਧਾਨ ਵੰਨਗੀ ਸਾਖੀ ਹੈ। ਇਸ ਵਿਚ ਸਹਿਜ ਹੈ, ਬੋਲਚਾਲ ਵਾਲੀ ਸੁਭਾਵਿਕਤਾ ਹੈ। ਸਾਖੀ ਕਰਤਾ ਗੱਲ ਪਬਟਤਾ ਖਿਲਾਰਾ ਨਹੀਂ ਪਾਉਂਦਾ। ਉਸ ਨੂੰ ਆਪਣੀ ਗੱਲ ਸੁਣਾਉਣ ਤਕ ਮਤਲਬ ਹੈ।" ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ? ਸਪਸ਼ਟ ਕਰੋ। 9

VI. 'ਵਾਰਤਕ ਵਿਰਸਾ' ਪੁਸਤਕ ਨੂੰ ਕੀ ਮੱਧਕਾਲੀ ਵਾਰਤਕ ਦਾ ਪ੍ਰਤਿਨਿਧ ਸੰਗ੍ਰਹਿ ਮੰਨਿਆ ਜਾ ਸਕਦਾ ਹੈ? ਵਿਚਾਰ ਕਰੋ। 9

**ਅ–3**

VII. ਸ਼ਰਧਾ ਰਾਮ ਫਿਲੌਰੀ ਨੂੰ ਇਤਿਹਾਸ ਤੇ ਭੂਗੋਲ ਦੀ ਜਾਣਕਾਰੀ ਬਹੁਤ ਘਟ ਸੀ ਅਤੇ ਉਸ ਨੇ ਪੰਜਾਬੀ ਬਾਤ ਚੀਤ ਵਿਚ ਪ੍ਰਤਿਗਾਮੀ ਰੁਚੀਆਂ ਅਪਣਾਈਆਂ ਹਨ, ਕਿੰਨੀਆਂ ਹੀ ਗਲਤ ਬਿਆਨੀਆਂ ਹਨ ਪਰ ਉਸ ਦੇ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਹੋਣ ਬਾਰੇ ਕੋਈ ਸ਼ੰਕਾ ਨਹੀਂ। ਵਿਚਾਰ ਕਰੋ। 9

VIII. 'ਪੰਜਾਬੀ ਬਾਤ ਚੀਤ' ਰਾਹੀਂ ਲੇਖਕ ਨੇ ਲੋਕ ਸਾਹਿਤ, ਰੀਤੀ ਰਿਵਾਜ਼, ਮੇਲੇ-ਤਿਉਹਾਰ, ਲੋਕ ਵਿਸ਼ਵਾਸ ਆਦਿ ਰਾਹੀਂ ਇਸ ਨੂੰ ਲੋਕਾਂ ਨਾਲ ਜੋੜਿਆ ਹੈ ਅਤੇ ਇਹ ਇਸ ਪੁਸਤਕ ਦੀ ਵਿਲੱਖਣ ਪ੍ਰਾਪਤੀ ਕਹੀ ਜਾ ਸਕਦੀ ਹੈ। ਟਿੱਪਣੀ ਕਰੋ। 9

**ਅ-4**

IX. ਗੁਰਬਖਸ਼ ਸਿੰਘ ਦੇ ਲੇਖਾਂ ਵਿਚ ਵਿਸ਼ੇ ਦਾ ਵੰਨਗੀ ਦੀ ਬਹੁਲਤਾ ਹੈ ਜੋ ਉਸ ਨੂੰ ਉਸ ਦੇ ਸਮਕਾਲੀਆਂ ਨਾਲੋਂ ਨਿਖੇੜਦਾ ਹੈ। ਬਹਿਸ ਕਰੋ। 9

X. ਗੁਰਬਖਸ਼ ਸਿੰਘ ਦੀ ਵਾਰਤਕ ਸ਼ੈਲੀ ਅਤੇ ਭਾਸ਼ਾ ਪ੍ਰਯੋਗ ਉਪਰ ਅੰਗ੍ਰੇਜੀ ਪ੍ਰਭਾਵ ਬੜਾ ਵਿਆਪਕ ਹੈ। ਕਿਵੇਂ? ਉਦਾਹਰਣਾਂ ਸਾਵੀਂ ਪੱਧਰੀ ਜ਼ਿੰਦਗੀ ਵਿਚ ਦਿਓ। 9

## ਭਾਗ-ੲ

XI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜਨਮ ਕਿਸ ਦੇਸੀ ਮਹੀਨੇ ਦੀ ਕਿਹੜੀ ਤਾਰੀਖ ਨੂੰ ਹੋਇਆ?
2. 'ਪੁਰਾਤਨ ਜਨਮਸਾਖੀ' ਦਾ ਮੂਲ ਨਾਂ ਇਹ ਨਹੀਂ ਹੈ। ਨਾਂ ਕਿਸ ਨੇ ਕਦੋਂ ਕਿਸ ਜਨਮਸਾਖੀ ਨੂੰ ਦਿੱਤਾ?
3. 'ਪੁਰਾਤਨ ਜਨਮਸਾਖੀ' ਦੇ ਦੋ ਹੋਰ ਕਿਹੜੇ-ਕਿਹੜੇ ਨਾਂ ਹਨ?
4. ਵਾਰਤਕ ਦੇ ਜ਼ਰੂਰੀ ਲੱਛਣ ਕਿਹੜੇ-ਕਿਹੜੇ ਮੰਨੇ ਗਏ ਹਨ? ਕੇਵਲ 'ਵਾਰਤਕ ਸਿਧਾਂਤ' ਪੁਸਤਕ ਦੇ ਆਧਾਰ ਤੇ ਉੱਤਰ ਦਿਓ।

5. ਸੁਭਾਸ਼ਣ ਕਲਾ ਕੀ ਹੈ? ਸਪਸ਼ਟ ਕਰੋ।

6. ਪੰਜ ਜਨਮਸਾਖੀਆਂ ਦੇ ਨਾਂ ਲਿਖੋ।

7. ਟੀਕੇ ਅਤੇ ਪਰਮਾਰਥ ਵਿਚਕਾਰ ਅੰਤਰ ਕਰੋ।

8. ਹੁਕਮਨਾਮਾ ਕਿਸ ਨੂੰ ਕਹਿੰਦੇ ਹਨ ਅਤੇ ਇਸ ਦੀ ਰਚਨਾ ਵਿਧੀ ਕੀ ਹੈ?

9. 'ਪੰਜਾਬੀ ਬਾਤ ਚੀਤ' ਸੰਪਾਦਿਤ ਕਰਨ ਵਾਲੇ ਦੋ ਸੰਪਾਦਕਾਂ ਦੇ ਨਾਂ ਲਿਖੋ।

10. ਸ਼ਰਧਾ ਰਾਮ ਦੇ ਦੋ ਸਮਕਾਲੀ ਗੱਦਕਾਰਾਂ ਅਤੇ ਉਨ੍ਹਾਂ ਦੀ ਇਕ-ਇਕ ਵਾਰਤਕ ਪੁਸਤਕ ਦਾ ਨਾਂ ਲਿਖੋ।

11. ਗੁਰਬਖਸ਼ ਸਿੰਘ ਦੇ ਪ੍ਰਤਿ ਨੌਜਵਾਨ ਪੀੜ੍ਹੀ ਦੀ ਉਦਾਸੀਨਤਾ।

12. ਗੁਰਬਖਸ਼ ਸਿੰਘ ਨੇ ਕਿਹੜਾ ਮਾਸਕ ਪੱਤਰ, ਕਿਹੜੇ ਸਾਲ, ਕਿਸ ਥਾਂ ਤੋਂ ਜਾਰੀ ਕੀਤਾ? $12 \times 2 = 24$